ਮੈਨੀਟੋਬਾ ਦਾ ਸੂਬਾਈ
ਰਿਪੋਰਟ ਕਾਰਡ

# ਮਾਪਿਆਂ ਲਈ ਜਾਣਕਾਰੀ

**ਗਰੇਡ 1 ਤੋਂ 8**



Manitoba

*ਮੈਨੀਟੋਬਾ ਐਜੂਕੇਸ਼ਨ ਨੇ ਸੂਬਾਈ ਰਿਪੋਰਟ ਕਾਰਡ ਜਾਰੀ ਕੀਤਾ ਹੈ ਜਿਹੜਾ ਸਾਰੀਆਂ ਸਕੂਲ ਡਿਵੀਜ਼ਨਾਂ ਲਈ 2013/2014 ਸਕੂਲ ਵਰ੍ਹੇ 'ਚ ਵਰਤਣਾ ਸ਼ੁਰੂ ਕਰਨਾਂ ਜ਼ਰੂਰੀ ਹੈ।*

# ਆਮ

## ਨਵਾਂ ਰਿਪੋਰਟ ਕਾਰਡ ਕਿਉਂ ਹੈ?

ਮੈਨੀਟੋਬਾ ਸਰਕਾਰ ਨੇ ਮੈਨੀਟੋਬਾ 'ਚ ਵਿਦਿਆ ਦੀ ਕੁਆਲਿਟੀ ਨੂੰ ਬੜ੍ਹਾਵਾ ਦੇਣ ਅਤੇ ਵਿਦਿਆਰਥੀਆਂ, ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਮਜ਼ਬੂਤ ਭਾਈਵਾਲੀ ਉਸਾਰਨ ਲਈ ਇਕ ਨਵਾਂ ਸੂਬਾਈ ਰਿਪੋਰਟ ਕਾਰਡ ਜਾਰੀ ਕੀਤਾ ਹੈ।

ਬੀਤੇ ਸਮੇਂ 'ਚ ਹਰੇਕ ਸਕੂਲ ਅਤੇ ਕੁਝ ਹਾਲਤਾਂ 'ਚ ਇਕ ਹੀ ਡਿਵੀਜ਼ਨ ਵਿਚਲੇ ਸਕੂਲਾਂ 'ਚ ਵੱਖਰੇ ਵੱਖਰੇ ਰਿਪੋਰਟ ਕਾਰਡ ਸਨ। ਨਵਾਂ ਸੂਬਾਈ ਰਿਪੋਰਟ ਕਾਰਡ ਇਹ ਯਕੀਨੀ ਬਣਾਏਗਾ ਕਿ ਮਾਪੇ ਇਸ ਬਾਰੇ ਬਾਕਾਇਦਾ, ਸਪੱਸ਼ਟ ਜਾਣਕਾਰੀ ਪ੍ਰਾਪਤ ਕਰਨ ਕਿ ਉਨ੍ਹਾਂ ਦੇ ਬੱਚੇ ਕਿੰਨੀ ਕੁ ਚੰਗੀ ਤਰ੍ਹਾਂ ਸਿੱਖ ਰਹੇ ਹਨ, ਕਿਹੜੇ ਕਦਮ ਚੁੱਕਣ ਨਾਲ ਸਿੱਖਣ 'ਚ ਸੁਧਾਰ ਆਵੇਗਾ ਅਤੇ ਉਹ ਇਸ 'ਚ ਮਦਦ ਕਰਨ ਲਈ ਕੀ ਕਰ ਸਕਦੇ ਹਨ।

## ਕੀ ਰਿਪੋਰਟ ਕਾਰਡ ਨੂੰ ਸਮਝਣਾ ਸੌਖਾ ਹੋਵੇਗਾ?

ਰਿਪੋਰਟ ਕਾਰਡ ਸਾਧਾਰਨ ਭਾਸ਼ਾ 'ਚ ਲਿਖਿਆ ਗਿਆ ਹੈ। ਇਹ ਤੁਹਾਨੂੰ ਤੁਹਾਡੇ ਬੱਚੇ ਦੀ ਸਮਰੱਥਾ ਬਾਰੇ ਅਤੇ ਤੁਹਾਡੇ ਬੱਚੇ ਨੂੰ ਕਿੱਥੇ ਸਹਾਇਤਾ ਦੀ ਲੋੜ ਹੈ, ਇਸ ਬਾਰੇ ਦੱਸਦਾ ਹੈ। ਰਿਪੋਰਟ ਕਾਰਡ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰ ਸਕਦੇ ਹੋ।

## ਕੀ ਸੂਬਾਈ ਰਿਪੋਰਟ ਕਾਰਡ ਸਾਰੇ ਗਰੇਡ ਲੈਵਲਾਂ ਲਈ ਇਕੋ ਜਿਹਾ ਹੋਵੇਗਾ?

ਰਿਪੋਰਟ ਕਾਰਡਾਂ ਦੇ ਤਿੰਨ ਨਮੂਨੇ ਹਨ: ਇਕ ਗਰੇਡ 1 ਤੋਂ 6 ਤੱਕ ਲਈ, ਇਕ ਗਰੇਡ 7 ਅਤੇ 8 ਲਈ ਅਤੇ ਇਕ ਗਰੇਡ 9 ਤੋਂ 12 ਲਈ।

## ਕੀ ਰਿਪੋਰਟ ਕਾਰਡ 'ਤੇ ਅਧਿਆਪਕ ਦੀਆਂ ਟਿੱਪਣੀਆਂ ਹੋਣਗੀਆਂ?

ਹਾਂ। ਅਧਿਆਪਕ ਤੁਹਾਡੇ ਬੱਚੇ ਦੇ ਸਕੂਲ ਦੇ ਕੰਮ ਅਤੇ ਵਰਤਾਉ ਬਾਰੇ ਟਿੱਪਣੀਆਂ ਲਿਖਣਗੇ। ਇਹ ਟਿੱਪਣੀਆਂ ਤੁਹਾਨੂੰ ਇਹ ਸਮਝਣ 'ਚ ਮਦਦ ਕਰਨਗੀਆਂ ਕਿ ਤੁਹਾਡਾ ਬੱਚਾ ਕਿਵੇਂ ਚੱਲ ਰਿਹਾ ਹੈ ਅਤੇ ਤੁਹਾਡੇ ਬੱਚੇ ਦੀ ਸਿੱਖਣ 'ਚ ਮਦਦ ਕਿਵੇਂ ਕੀਤੀ ਜਾ ਸਕਦੀ ਹੈ।

## ਮੇਰੇ ਬੱਚੇ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

ਅਕਾਦਮਿਕ ਪ੍ਰਾਪਤੀ ਦੇ ਗਰੇਡ ਦਰਸਾਉਂਦੇ ਹਨ ਕਿ ਵਿਦਿਆਰਥੀਆਂ ਨੇ ਕਰੀਕੁਲਮ ਵਿਚਲੇ ਸਿੱਖਣ ਦੇ ਨਿਸ਼ਾਨਿਆਂ ਨੂੰ ਕਿੰਨਾਂ ਕੁ ਪ੍ਰਾਪਤ ਕੀਤਾ ਹੈ। ਇਸਨੂੰ criterion-referenced grading ਵਜੋਂ ਜਾਣਿਆਂ ਜਾਂਦਾ ਹੈ। ਅਕਾਦਮਿਕ ਪ੍ਰਾਪਤੀ ਦੇ ਗਰੇਡ ਇਸ ਗੱਲ 'ਤੇ ਆਧਾਰਿਤ ਨਹੀਂ ਹੁੰਦੇ ਕਿ ਤੁਹਾਡੇ ਬੱਚੇ ਦੀ ਕਾਰਗੁਜ਼ਾਰੀ ਦੂਸਰੇ ਵਿਦਿਆਰਥੀਆਂ ਦੇ ਮੁਕਾਬਲੇ ਕਿਹੋ ਜਿਹੀ ਰਹੀ। ਰਵੱਈਏ, ਯਤਨ ਅਤੇ ਵਿਉਹਾਰ ਵਰਗੀਆਂ ਗੱਲਾਂ ਅਕਾਦਮਿਕ ਪ੍ਰਾਪਤੀ ਤੋਂ ਵੱਖਰੀਆਂ ਰਿਪੋਰਟ ਕੀਤੀਆ ਜਾਂਦੀਆਂ ਹਨ। ਭਾਵੇਂ ਇਹ ਪਤਾ ਹੈ ਕਿ ਇਹ ਗੱਲਾਂ ਅਕਾਦਮਿਕ ਪ੍ਰਾਪਤੀ 'ਤੇ ਅਸਰ ਪਾਉਂਦੀਆਂ ਹਨ ਅਤੇ ਇੰਜ ਗਰੇਡਾਂ ਉੱਪਰ ਵੀ, ਪਰ ਇੰਨ੍ਹਾਂ ਨੂੰ ਵੱਖਰਿਆਂ ਰਿਪੋਰਟ ਕਰਨਾਂ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੀ ਪ੍ਰਾਪਤੀ ਅਤੇ ਤਰੱਕੀ ਦੇ ਖੇਤਰਾਂ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਅਧਿਆਪਕ ਵਿਦਿਆਰਥੀਆਂ ਨੂੰ ਕਿਸੇ ਵਿਸ਼ੇ 'ਚ ਆਪਣੀ ਮੁਹਾਰਤ ਅਤੇ ਸਮਝ ਦਰਸਾਉਣ ਦੇ ਕਈ ਤਰੀਕੇ ਮੁਹੱਈਆ ਕਰਵਾਉਂਦੇ ਹਨ। ਪ੍ਰਾਪਤੀ ਗਰੇਡ ਆਮ ਕਰਕੇ ਤੁਹਾਡੇ ਬੱਚੇ ਦੀ ਤਾਜ਼ਾ ਅਤੇ ਬਾਕਾਇਦਾ ਅਕਾਦਮਿਕ ਪ੍ਰਾਪਤੀ ਨੂੰ ਦਰਸਾਉਂਦੇ ਹਨ। ਮਿਸਾਲ ਵਜੋਂ, ਇਸਦਾ ਮਤਲਬ ਹੈ ਕਿ ਜਦੋਂ ਟਰਮ ਦੇ ਅਖੀਰ 'ਤੇ ਤੁਹਾਡੇ ਬੱਚੇ ਦੇ ਗਰੇਡ ਮਿਥੇ ਜਾਣਗੇ, ਬੱਚੇ ਦੇ ਕਿਸੇ ਟਰਮ 'ਚ ਕਿਸੇ ਅਸਾਈਨਮੈਂਟ 'ਚੋਂ ਆਏ ਘੱਟ ਨੰਬਰ ਵਿਚਾਰੇ ਨਹੀਂ ਜਾਣਗੇ, ਜੇਕਰ ਉਸਨੇ ਬਾਦ ਵਿਚ ਉਸ ਖੇਤਰ ਵਿਚ ਲਗਾਤਾਰ ਚੰਗੇਰੀ ਸਮਝ ਅਤੇ ਮੁਹਾਰਤ ਵਿਖਾਈ ਹੋਵੇਗੀ।



## ਕੀ ਮੇਰਾ ਬੱਚਾ ਕੋਈ ਗਰੇਡ "ਫੇਲ" (ਰਿਪੀਟ) ਕਰ ਸਕਦਾ ਹੈ?

ਹਾਂ। ਕਿਸੇ ਵਿਦਿਆਰਥੀ ਨੂੰ ਰੋਕ ਲੈਣ ਜਾਂ ਤਰੱਕੀ ਦੇ ਦੇਣ ਦਾ ਫੈਸਲਾ ਵੱਖ ਵੱਖ ਗੱਲਾਂ ਦੇ ਧਿਆਨ ਨਾਲ ਕੀਤੇ ਮੁਲਾਂਕਣ 'ਤੇ ਆਧਾਰਿਤ ਹੁੰਦਾ ਹੈ ਜਿਨ੍ਹਾਂ 'ਚ ਹੋਰਨਾਂ ਤੋਂ ਇਲਾਵਾ ਵਿਦਿਆਰਥੀ ਦੀ ਪ੍ਰਗਤੀ ਅਤੇ ਵਾਧੇ ਦਾ ਸਬੂਤ ਸ਼ਾਮਲ ਹਨ। ਤਰੱਕੀ ਦੇਣ ਦੇ ਫੈਸਲੇ ਸਕੂਲ ਦੇ ਪ੍ਰਿੰਸੀਪਲ ਵੱਲੋਂ ਲਏ ਜਾਂਦੇ ਹਨ ਜਿਹੜਾ ਅਧਿਆਪਕਾਂ, ਮਾਪਿਆਂ ਅਤੇ ਹੋਰ ਮਾਹਰਾਂ ਨਾਲ, ਜੋ ਵੀ ਢੁਕਵੇਂ ਹੋਣ, ਸਲਾਹ ਮਸ਼ਵਰਾ ਕਰਦਾ ਹੈ। ਕਿਸੇ ਵਿਦਿਆਰਥੀ ਨੂੰ ਰੋਕ ਲੈਣ ਜਾਂ ਤਰੱਕੀ ਦੇਣ ਦੇ ਫੈਸਲੇ ਹਮੇਸ਼ਾ ਵਿਦਿਆਰਥੀ ਦੇ ਉੱਤਮ ਹਿੱਤਾਂ 'ਚ ਕੀਤੇ ਜਾਂਦੇ ਹਨ।

## ਰਿਪੋਰਟ ਕਾਰਡ ਕਦੋਂ ਘਰੀਂ ਭੇਜੇ ਜਾਣਗੇ?

ਰਿਪੋਰਟ ਕਾਰਡ ਪੱਤਝੜ ਰੁੱਤੇ, ਬਹਾਰ ਰੁੱਤੇ ਅਤੇ ਸਕੂਲ ਵਰ੍ਹੇ ਦੇ ਅੰਤ 'ਤੇ ਘਰੀਂ ਜਾਂਦੇ ਹਨ।

## ਕੀ ਮੈਂ ਹੋਰ ਸਮਿਆਂ 'ਤੇ ਵੀ ਅਧਿਆਪਕਾਂ ਕੋਲੋਂ ਜਾਣਕਾਰੀ ਪ੍ਰਾਪਤ ਕਰਾਂਗਾ/ਕਰਾਂਗੀ?

ਹਾਂ। ਰਿਪੋਰਟ ਕਾਰਡ ਮਾਪਿਆਂ ਨਾਲ ਸੰਪਰਕ ਰੱਖਣ ਦਾ ਕੇਵਲ ਇਕ ਤਰੀਕਾ ਹੈ। ਹੋਰ ਤਰੀਕਿਆਂ 'ਚ ਸ਼ਾਮਲ ਹਨ ਫੋਨ ਕਰਨਾਂ, ਈਮੇਲਾਂ, ਗੈਰ-ਰਸਮੀ ਤਰੱਕੀ ਰਿਪੋਰਟਾਂ, ਮਾਪਿਆਂ-ਅਧਿਆਪਕਾਂ ਦੀਆਂ ਮੀਟਿੰਗਾਂ, ਵਿਦਿਆਰਥੀਆਂ ਦੀ ਅਗਵਾਈ 'ਚ ਕਾਨਫਰੰਸਾਂ ਅਤੇ ਸਕੂਲ ਨਿਊਜ਼ਲੈਟਰਾਂ।

## ਜੇਕਰ ਮੈਂ ਆਪਣੇ ਬੱਚੇ ਦੀ ਸਕੂਲ ਕਾਰਗੁਜ਼ਾਰੀ ਬਾਰੇ ਚਿੰਤਤ ਹੋਵਾਂ ਤਾਂ ਮੈਨੂੰ ਕੀ ਕਰਨਾਂ ਚਾਹੀਦਾ ਹੈ?

ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ। ਇਸ ਨਾਲ ਤੁਹਾਨੂੰ ਉਨ੍ਹਾਂ ਖੇਤਰਾਂ ਦੀ ਲਿਸਟ ਬਣਾਉਣ 'ਚ ਮਦਦ ਮਿਲੇਗੀ ਜਿਨ੍ਹਾਂ 'ਚ ਤੁਹਾਡੇ ਬੱਚੇ ਨੂੰ ਸਮੱਸਿਆ ਹੈ। ਅਧਿਆਪਕ ਨੂੰ ਪੁੱਛੋ ਕਿ ਕਿਵੇਂ ਆਪਣੇ ਬੱਚੇ ਦੀ ਸਫਲਤਾ ਲਈ ਤੁਸੀਂ ਮਿਲਕੇ ਕੰਮ ਕਰ ਸਕਦੇ ਹੋ।

*ਇਸ ਦਸਤਾਵੇਜ਼ 'ਚ ਸ਼ਬਦ ਮਾਪੇ ਮਾਪਿਆਂ ਜਾਂ ਸਰਪ੍ਰਸਤਾਂ ਵੱਲ ਇਸ਼ਾਰਾ ਕਰਦਾ ਹੈ।*

ਮਾਪਿਆਂ ਲਈ

ਜਾਣਕਾਰੀ

ਗਰੇਡ 1 ਤੋਂ 8

# ਵਿਦਿਆਰਥੀ ਲਈ ਪ੍ਰੋਗਰਾਮ ਬਣਾਉਣਾ

ਤੁਹਾਡੇ ਬੱਚੇ ਲਈ *ਪ੍ਰੋਗਰਾਮ ਬਣਾਉਣਾ* ਇਸ ਗੱਲ ਬਾਰੇ ਦੱਸਦਾ ਹੈ ਕਿ ਕੀ ਉਹ ਗਰੇਡ ਲੈਵਲ ਕਰੀਕੁਲਮ ਆਪਣਾ ਰਿਹਾ/ਰਹੀ ਹੈ, ਜਾਂ ਹੋਰ ਪ੍ਰੋਗਰਾਮ, ਜੋ ਉਸ ਦੀਆਂ ਸਿਖਿਆ ਲੋੜਾਂ ਨਾਲ ਚੰਗੇਰੀ ਤਰ੍ਹਾਂ ਨਿਪਟਣ ਲਈ ਵਿਸ਼ੇਸ਼ ਤੌਰ ‘ਤੇ ਤਿਆਰ ਕੀਤੇ ਗਏ ਹਨ।

ਜੇਕਰ ਤੁਹਾਡਾ ਬੱਚਾ ਕਿਸੇ ਵਿਸ਼ੇ ‘ਚ ਗਰੇਡ ਲੈਵਲ ਕਰੀਕੁਲਮ ਨਹੀਂ ਆਪਣਾ ਰਿਹਾ ਹੈ ਤਾਂ ਉਸਦਾ ਰਿਪੋਰਟ ਕਾਰਡ ਦੱਸੇਗਾ ਕਿ ਹੇਠ ਲਿਖੇ ਤਿੰਨ ਪ੍ਰਕਾਰ ਦੇ ਪ੍ਰੋਗਰਾਮਾਂ ‘ਚੋਂ ਕਿਹੜਾ ਲਾਗੂ ਹੁੰਦਾ ਹੈ।



## 1. IEP ਪ੍ਰੋਗਰਾਮਿੰਗ

“IEP” ਦਾ ਮਤਲਬ ਹੈ ਇੰਡੀਵਿਯੂਅਲ ਐਜੂਕੇਸ਼ਨ ਪਲੈਨ। ਕੋਈ ਵਿਦਿਆਰਥੀ, ਜਿਸਦੀ ਕਿਸੇ ਵਿਸ਼ੇ ‘ਚ ਸਿੱਖਣ ਦੇ ਗਰੇਡ-ਲੈਵਲ ਨਿਸ਼ਾਨਿਆਂ ਨੂੰ ਪੂਰੇ ਕਰਨ ਦੀ ਆਸ ਨਹੀਂ, ਉਸ ਲਈ ਇਹ ਵਿਅਕਤੀਗਤ ਵਿਦਿਅਕ ਯੋਜਨਾਂ ਬਣਾਈ ਜਾਵੇਗੀ, ਜਿਹੜੀ ਉਸਦੇ ਵਿਅਕਤੀਗਤ ਸਿੱਖਣ ਨਿਸ਼ਾਨਿਆਂ ਬਾਰੇ ਦੱਸਦੀ ਹੋਵੇਗੀ। ਗਰੇਡ, ਜਿਹੜੇ ਉਹ ਵਿਦਿਆਰਥੀ ਰਿਪੋਰਟ ਕਾਰਡ ‘ਤੇ ਪ੍ਰਾਪਤ ਕਰਦਾ ਹੈ, ਉਸ ਵਿਸ਼ੇਸ਼ ਵਿਦਿਆਰਥੀ ਲਈ ਢੁੱਕਵੇਂ ਸਿੱਖਣ ਦੇ ਨਿਸ਼ਾਨਿਆਂ ਨੂੰ ਦਰਸਾਉਂਦੇ ਹਨ ਅਤੇ ਉਹ ਨਿਸ਼ਾਨੇ ਵਿਦਿਆਰਥੀ ਦੀ ਯੋਜਨਾਂ ‘ਚ ਸਪੱਸ਼ਟ ਰੂਪ ‘ਚ ਉਲੀਕੇ ਜਾਂਦੇ ਹਨ।

“IEP” ਸੂਚਕ ਉਦੋਂ ਵੀ ਵਰਤਿਆ ਜਾ ਸਕਦਾ ਹੈ ਜਦੋਂ ਕੋਈ ਵਿਦਿਆਰਥੀ ਕਿਸੇ ਵਿਸ਼ੇ ਖੇਤਰ ‘ਚ ਗਰੇਡ ਲੈਵਲ ਨਾਲੋਂ ਵਰਨਣਯੋਗ ਹੱਦ ਤੱਕ ਅਗਾਂਹ ਚੱਲ ਰਿਹਾ ਹੈ ਅਤੇ ਇਕ “IEP” ਉਸ ਲਈ ਬਣਾਈ ਜਾਂਦੀ ਹੈ। ਉਪਰੋਕਤ ਦੀ ਤਰ੍ਹਾਂ ਗਰੇਡ, ਜਿਹੜੇ ਵਿਦਿਆਰਥੀ ਰਿਪੋਰਟ ਕਾਰਡ ‘ਤੇ ਪ੍ਰਾਪਤ ਕਰਦਾ ਹੈ, ਵਿਦਿਆਰਥੀ ਦੇ ਸਿੱਖਣ ਦੇ ਨਿਸ਼ਾਨਿਆਂ ਨੂੰ ਪ੍ਰਦਰਸ਼ਤ ਕਰਦੇ ਹਨ, ਜਿਵੇਂ ਉਹ ਯੋਜਨਾਂ ‘ਚ ਉਲੀਕੇ ਗਏ ਹਨ।

## 2. EAL ਪ੍ਰੋਗਰਾਮਿੰਗ

“EAL” ਦਾ ਮਤਲਬ ਹੈ ਇੰਗਲਿਸ਼ ਐਜ਼ ਐਨ ਐਡੀਸ਼ਨਲ ਲੈਂਗੂਏਜ ਪ੍ਰੋਗਰਾਮਿੰਗ। ਵਿਦਿਆਰਥੀ ਅੰਗਰੇਜ਼ੀ ਨੂੰ ਵਾਧੂ ਭਾਸ਼ਾ ਵਜੋਂ ਸਿੱਖਣ ਦੇ ਮੁੱਢਲੇ ਪੜਾਵਾਂ ‘ਚ ਉਸ ਵਿਸ਼ਾ-ਖੇਤਰ ‘ਚ ਅੰਗਰੇਜ਼ੀ ਸਿੱਖਣ ‘ਤੇ ਧਿਆਨ ਕੇਂਦਰਿਤ ਕਰਦਾ ਹੈ। ਗਰੇਡ, ਜਿਹੜੇ ਉਹ ਵਿਦਿਆਰਥੀ ਰਿਪੋਰਟ ਕਾਰਡ ‘ਤੇ ਪ੍ਰਾਪਤ ਕਰਦਾ ਹੈ, ਉਸ ਵਿਸ਼ੇਸ਼ ਵਿਦਿਆਰਥੀ ਦੀ ਭਾਸ਼ਾ ਪ੍ਰਗਤੀ ਦੇ ਲੈਵਲ ਲਈ ਢੁਕਵੇਂ ਭਾਸ਼ਾ ਅਤੇ ਵਿਸ਼ਾ-ਖੇਤਰ ਦੇ ਸਿੱਖਣ ਦੇ ਨਿਸ਼ਾਨਿਆਂ ਦੇ ਸੰਤੁਲਨ ‘ਤੇ ਆਧਾਰਿਤ ਹੁੰਦੇ ਹਨ।

## 3. L ਪ੍ਰੋਗਰਾਮਿੰਗ

“L” ਫਰੈਂਚ ਸਾਖਰਤਾ ਪ੍ਰੋਗਰਾਮਿੰਗ ਵੱਲ ਇਸ਼ਾਰਾ ਕਰਦਾ ਹੈ, ਅਤੇ ਕੇਵਲ ਫਰਾਂਸੀਸੀ ਪ੍ਰੋਗਰਾਮ ‘ਤੇ ਲਾਗੂ ਹੁੰਦਾ ਹੈ। ਵਿਦਿਆਰਥੀ, ਜਿਸ ਨੂੰ ਸੂਬਾਈ ਕਰੀਕੁਲਮ ਅਨੁਸਾਰ ਸਫਲ ਹੋਣ ਲਈ ਫਰੈਂਚ ਭਾਸ਼ਾ ਦੀ ਯੋਗਤਾ ਦੇ ਵਿਕਾਸ ਲਈ ਵਧੇਰੇ ਮਦਦ ਦੀ ਲੋੜ ਹੁੰਦੀ ਹੈ, ਉਸ ਵਿਸ਼ਾ-ਖੇਤਰ ਦੇ ਸੰਦਰਭ ‘ਚ ਫਰੈਂਚ ਸਿੱਖਣ ‘ਤੇ ਧਿਆਨ ਲਗਾ ਸਕਦਾ ਹੈ। ਗਰੇਡ, ਜਿਹੜੇ ਉਹ ਵਿਦਿਆਰਥੀ ਰਿਪੋਰਟ ਕਾਰਡ ‘ਤੇ ਪ੍ਰਾਪਤ ਕਰਦਾ ਹੈ, ਉਸ ਵਿਸ਼ੇਸ਼ ਵਿਦਿਆਰਥੀ ਦੀ ਭਾਸ਼ਾ ਪ੍ਰਗਤੀ ਦੇ ਲੈਵਲ ਲਈ ਢੁਕਵੇਂ ਭਾਸ਼ਾ ਅਤੇ ਵਿਸ਼ਾ-ਖੇਤਰ ਦੇ ਸਿੱਖਣ ਦੇ ਨਿਸ਼ਾਨਿਆਂ ਦੇ ਸੰਤੁਲਨ ‘ਤੇ ਆਧਾਰਿਤ ਹੁੰਦੇ ਹਨ।

ਗਰੇਡ 1 ਤੋਂ 6 ਦੇ ਰਿਪੋਰਟ ਕਾਰਡ ਦੇ ਹੇਠਾਂ ਦਿੱਤੇ ਨਮੂਨੇ ‘ਚ ਤੁਸੀਂ ਵੇਖ ਸਕਦੇ ਹੋ ਕਿ ਕਿੱਥੇ ਪ੍ਰੋਗਰਾਮਿੰਗ ਦੀ ਪ੍ਰਕਾਰ ਇਕ “x” ਨਿਸ਼ਾਨ ਦੁਆਰਾ ਦਰਸਾਈ ਗਈ ਹੈ। ਜੇਕਰ ਕੁਝ ਵੀ ਦਰਸਾਇਆ ਨਹੀਂ ਗਿਆ ਤਾਂ ਤੁਹਾਡਾ ਬੱਚਾ ਗਰੇਡ-ਲੈਵਲ ਕਰੀਕੁਲਮ ਦੇ ਸਿੱਖਣ ਦੇ ਨਿਸ਼ਾਨਿਆਂ ਨੂੰ ਆਪਣਾ ਰਿਹਾ ਹੈ। ਇਸ ‘ਚ ਉਹ ਕੇਸ ਸ਼ਾਮਲ ਹਨ ਜਿੱਥੇ ਤੁਹਾਡੇ ਬੱਚੇ ਕੋਲ ਅਨਕੂਲ ਹੋਣ ਦੀਆਂ ਚੋਣਾਂ ਹਨ।

| Mathematics | Teacher: | | |
|---|---|---|---|
| ☐ EAL ☒ IEP | Term 1 | Term 2 | Final |
| Knowledge and understanding | | | |
| Mental math and estimation | | | |
| Problem solving | | | |
| Comments: | | | |

ਪ੍ਰੋਗਰਾਮਿੰਗ ਇਥੇ ਵਿਖਾਈ ਗਈ ਹੈ

*ਸ਼ਬਦ* adaptation

*ਪੜ੍ਹਾਉਣ ਦੇ ਢੰਗ ਤਰੀਕੇ, ਸਮੱਗਰੀ, ਅਸਾਈਨਮੈਂਟਾਂ ਜਾਂ ਵਿਦਿਆਰਥੀ ਪ੍ਰਾਡਕਟਾਂ ‘ਚ ਤਬਦੀਲੀ ਬਾਰੇ ਦੱਸਦਾ ਹੈ ਤਾਂ ਕਿ ਵਿਦਿਆਰਥੀ ਨੂੰ ਆਸ ਕੀਤੇ ਜਾਂਦੇ ਸਿੱਖਣ ਦੇ ਨਤੀਜਿਆਂ ਦੀ ਪ੍ਰਾਪਤੀ ‘ਚ ਮਦਦ ਮਿਲੇ।*

# ਸੂਬਾਈ ਆਸ਼ਾਵਾਂ ਦੀ ਅਕਾਦਮਿਕ ਪ੍ਰਾਪਤੀ

## ਗਰੇਡ 1 ਤੋਂ 6

ਗਰੇਡ 1 ਤੋਂ 6 'ਚ, ਹੇਠ ਲਿਖਿਆ *ਸਕੇਲ 1 ਤੋਂ 4* ਰਿਪੋਰਟ ਕਾਰਡਾਂ 'ਤੇ ਹਰੇਕ ਵਿਸ਼ੇ ਅੰਦਰ ਹਰੇਕ ਵਿਸ਼ਾ ਸ਼੍ਰੇਣੀ ਲਈ (ਹੇਠਾਂ ਵਿਆਖਿਆ ਕੀਤੀ) ਤੁਹਾਡੇ ਬੱਚੇ ਦੀ ਅਕਾਦਮਿਕ ਪ੍ਰਾਪਤੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

| Grade Scale | | Academic Achievement of Provincial Expectations |
|---|---|---|
| 4 | | Very good to excellent understanding and application of concepts and skills |
| 3 | | Good understanding and application of concepts and skills |
| 2 | | Basic understanding and application of concepts and skills |
| 1 | | Limited understanding and application of concepts and skills; see teacher comments |
| ND | | Does **N**ot yet **D**emonstrate the required understanding and application of concepts and skills; see teacher comments |
| Additional Codes | NA | **N**ot **A**pplicable |
| | IN | **In**complete: not enough evidence available to determine a grade at this time |

| One of the following codes is used if the expectations for a student are different from the grade-level curriculum in a subject. | |
|---|---|
| **EAL** (**E**nglish as an **A**dditional **L**anguage) | Achievement is based on expectations that focus on English language learning. |
| **IEP** (**I**ndividual **E**ducation **P**lan) | Achievement is based on expectations that reflect special learning needs. |

ਹੇਠਾਂ ਗਰੇਡ 1 ਤੋਂ 6 ਦੇ ਰਿਪੋਰਟ ਕਾਰਡ ਦੀ ਇਕ ਉਸ ਵਿਦਿਆਰਥੀ ਲਈ ਇਸ ਗਰੇਡ ਸਕੇਲ ਦੀ ਉਦਾਹਰਨ ਦਿੱਤੀ ਗਈ ਹੈ, ਜਿਹੜਾ ਟਰਮ 2 'ਚ EAL ਪ੍ਰੋਗਰਾਮਿੰਗ ਨਾਲ ਹਿਸਾਬ ਵਿਸ਼ਾ ਲੈ ਰਿਹਾ ਹੈ। ਨੋਟ ਕਰੋ ਕਿ ਹਰੇਕ ਵਿਸ਼ੇਸ਼ ਵਿਸ਼ਾ ਸ਼੍ਰੇਣੀ ਸਕੇਲ 'ਚੋਂ ਆਪਣਾ ਖੁਦ ਦਾ ਗਰੇਡ ਪ੍ਰਾਪਤ ਕਰਦੀ ਹੈ।

| **Mathematics**    **Teacher:** | | | |
|---|---|---|---|
| ☒ **EAL** ☐ **IEP** | Term 1 | Term 2 | Final |
| Knowledge and understanding | 3 | 2 | |
| Mental math and estimation | 2 | 3 | |
| Problem solving | 3 | 3 | |
| Comments: | | | |

ਪ੍ਰੋਗਰਾਮਿੰਗ

ਵਿਸ਼ਾ ਸ਼੍ਰੇਣੀ

ਮੌਜੂਦਾ ਟਰਮ

## ਵਿਸ਼ਾ ਸ਼੍ਰੇਣੀਆਂ

ਵਿਸ਼ਾ ਸ਼੍ਰੇਣੀਆਂ ਹਰੇਕ ਵਿਸ਼ੇ 'ਚ ਗਿਆਨ ਅਤੇ ਮੁਹਾਰਤ ਦੇ ਖੇਤਰ ਹਨ ਜਿਹੜੇ ਵਿਸ਼ੇ ਤੁਹਾਡਾ ਬੱਚਾ ਸਕੂਲ 'ਚ ਲੈਂਦਾ ਹੈ। ਉਹ ਤੁਹਾਨੂੰ ਤੁਹਾਡੇ ਬੱਚੇ ਦੇ ਸਿੱਖਣ ਦੀ ਚੰਗੇਰੀ ਸਮਝ ਪ੍ਰਦਾਨ ਕਰਦੇ ਹਨ। ਵਿਸ਼ਾ ਸ਼੍ਰੇਣੀਆਂ ਵਿਦਿਆਰਥੀ ਦੇ ਸਿੱਖਣ ਦੇ "ਸਵਾਲਾਂ" ਨੂੰ ਮਾਪਿਆਂ ਵਾਸਤੇ ਸਪੱਸ਼ਟ ਕਰਨ 'ਚ ਮਦਦ ਦਿੰਦੀਆਂ ਹਨ। ਉਹ ਪੜ੍ਹਾਉਣ, ਸਿੱਖਣ ਅਤੇ ਵਿਸ਼ੇ ਦੇ ਸਾਰੇ ਖੇਤਰਾਂ ਦੇ ਮੁਲਾਂਕਣ ਦੇ ਹਿੱਸੇ ਬਣਨ ਵਜੋਂ ਡਿਜ਼ਾਈਨ ਕੀਤੀਆਂ ਗਈਆਂ ਹਨ, ਨਾ ਕਿ ਸਿਰਫ ਇਹ ਦੱਸਣ ਲਈ ਕਿ ਕਦੋਂ ਕੋਈ ਵਿਸ਼ੇਸ਼ ਮਜ਼ਮੂਨ ਪੜ੍ਹਾਇਆ ਜਾਣਾ ਹੈ।



# ਸੂਬਾਈ ਆਸ਼ਾਵਾਂ ਦੀ ਅਕਾਦਮਿਕ ਪ੍ਰਾਪਤੀ

## ਗਰੇਡ 7 ਤੋਂ 8

ਗਰੇਡ 7 ਅਤੇ 8 'ਚ, *ਗਰੇਡ ਸਕੇਲ 1 ਤੋਂ 4* ਤੋਂ ਇਲਾਵਾ, ਸਮੁੱਚਾ ਵਿਸ਼ਾ ਗਰੇਡ ਮੁਹੱਈਆ ਕਰਵਾਉਣ ਲਈ ਇਕ ਪ੍ਰਤਿਸ਼ਤ ਸਕੇਲ ਵੀ ਵਰਤਿਆ ਜਾਂਦਾ ਹੈ। ਇਸ ਦਾ ਆਸ਼ਾ ਹਾਈ ਸਕੂਲ ਰਿਪੋਰਟ ਕਾਰਡਾਂ 'ਚ ਤਬਦੀਲੀ ਦੇ ਮਾਮਲੇ 'ਚ ਮਦਦ ਕਰਨਾਂ ਹੁੰਦਾ ਹੈ ਜਿੱਥੇ ਹਰੇਕ ਵਿਸ਼ੇ ਲਈ ਸਮੁੱਚੇ ਵਿਸ਼ਾ ਗਰੇਡ ਇਕ ਪ੍ਰਤਿਸ਼ਤ ਸਕੇਲ ਦੀ ਵਰਤੋਂ ਕਰਦਿਆਂ ਦਿੱਤੇ ਜਾਂਦੇ ਹਨ, ਜਿਸ ਨਾਲ ਵਿਦਿਆਰਥੀਆਂ ਦੇ ਗਰੈਜੂਏਸ਼ਨ ਵਾਸਤੇ ਕਰੈਡਿਟ ਪ੍ਰਾਪਤ ਕਰਦਿਆਂ ਹੋਇਆਂ ਵਿਦਿਆਰਥੀ ਦੀਆਂ ਪ੍ਰਾਪਤੀਆਂ ਦਾ ਸਾਰ ਕਰ ਦਿੱਤਾ ਜਾਂਦਾ ਹੈ। ਹੇਠਾਂ ਦਿੱਤੀ ਸਾਰਣੀ ਵਿਖਾਉਂਦੀ ਹੈ ਕਿ ਕਿਵੇਂ ਦੋਵੇਂ ਗਰੇਡ ਸਕੇਲ ਇਕ ਦੂਜੇ ਨਾਲ ਸਬੰਧਤ ਹਨ।

**Academic Achievement of Provincial Expectations**

| Grade Scale | Descriptor |
|---|---|
| **4**<br>**80% to 100%** | Very good to excellent understanding and application of concepts and skills |
| **3**<br>**70% to 79%** | Good understanding and application of concepts and skills |
| **2**<br>**60% to 69%** | Basic understanding and application of concepts and skills |
| **1**<br>**50% to 59%** | Limited understanding and application of concepts and skills; see teacher comments |
| **ND**<br>**Less than 50%** | Does **N**ot yet **D**emonstrate the required understanding and application of concepts and skills; see teacher comments |



ਗਰੇਡ 7 ਅਤੇ 8 ਦੇ ਰਿਪੋਰਟ ਕਾਰਡ 'ਚੋਂ ਲਈ ਹੇਠਲੀ ਉਦਾਹਰਨ ਇਕ ਵਿਦਿਆਰਥੀ ਨੂੰ ਵਿਖਾਉਂਦੀ ਹੈ ਜਿਸਨੇ ਟਰਮ 2 'ਚ ਬਾਕਾਇਦਾ ਗਰੇਡ-ਲੈਵਲ ਕਰੀਕੁਲਮ ਪ੍ਰੋਗਰਾਮਿੰਗ ਸਹਿਤ ਸਾਇੰਸ ਵਿਸ਼ਾ ਲਿਆ ਹੈ ਅਤੇ ਉਸ ਵਿਸ਼ੇ ਦੇ ਤਹਿਤ ਤਿੰਨ ਵਿਸ਼ਾ ਸ਼੍ਰੇਣੀਆਂ ਲਈਆਂ ਹਨ। ਇਹ ਤਿੰਨ ਸਿੱਖਣ ਵਿਉਹਾਰਾਂ ਨੂੰ ਵੀ ਦਰਸਾਉਂਦੀ ਹੈ, ਜਿਹੜੇ ਵਧੇਰੇ ਵਿਸਥਾਰ 'ਚ ਹੇਠਾਂ ਦੱਸੇ ਗਏ ਹਨ।

| **Science** | | | | Teacher: | | | |
|---|---|---|---|---|---|---|---|
| ☐ **EAL** ☐ **IEP** | | | | ☐ **IEP** | | | |
| **Academic Achievement** | **Term 1** | **Term 2** | **Final** | **Learning Behaviours** | **Term 1** | **Term 2** | **Term 3** |
| Knowledge and understanding | 3 | 2 | | Personal management skills | U | U | |
| Scientific inquiry process | 3 | 3 | | Active participation in learning | C | U | |
| Design process and problem solving | 4 | 4 | | Social responsibility | S | C | |
| Overall grade | 78% | 70% | % | | | | |
| Comments: | | | | | | | |

ਇਹ ਵਿਸ਼ਾ ਸ਼੍ਰੇਣੀਆਂ ਹਨ

ਇਹ ਸਿੱਖਣ ਦੇ ਵਿਉਹਾਰ ਹਨ

# ਸਿੱਖਣ ਦੇ ਵਿਉਹਾਰ

ਅਕਾਦਮਿਕ ਪ੍ਰਾਪਤੀ ਦੀ ਰਿਪੋਰਟ ਦੇਣ ਤੋਂ ਇਲਾਵਾ ਰਿਪੋਰਟ ਕਾਰਡ ਕਲਾਸ 'ਚ ਤੁਹਾਡੇ ਬੱਚੇ ਦੇ ਯਤਨਾਂ ਅਤੇ ਰਵੱਈਆਂ ਨੂੰ ਵੀ ਦਰਸਾਉਂਦੇ ਹਨ ਜੋ "ਸਿੱਖਣ ਵਿਉਹਾਰਾਂ" ਤਹਿਤ ਰਿਪੋਰਟ ਕੀਤੇ ਗਏ ਹਨ, ਜਿਵੇਂ ਉਹ ਪਹਿਲਾਂ ਵਾਲੇ ਸਫੇ ਉੱਪਰ ਅਤੇ ਹੇਠਲੇ ਨਮੂਨਿਆਂ 'ਚ ਉਲੀਕੇ ਅਤੇ ਦੱਸੇ ਗਏ ਹਨ।

ਗਰੇਡ 1 ਤੋਂ 6 'ਚ, ਸਿੱਖਣ ਦੇ ਵਿਉਹਾਰ ਤੁਹਾਡੇ ਬੱਚੇ ਦੇ ਰਿਪੋਰਟ ਕਾਰਡ 'ਤੇ (ਸਾਰੇ ਵਿਸ਼ਿਆਂ ਲਈ) ਇਕ ਵਾਰ ਹੀ ਰਿਪੋਰਟ ਕੀਤੇ ਜਾਂਦੇ ਹਨ। ਗਰੇਡ 7 ਅਤੇ 8 'ਚ ਇਹ ਤੁਹਾਡੇ ਬੱਚੇ ਵੱਲੋਂ ਲਏ ਗਏ ਹਰੇਕ ਵਿਸ਼ੇ ਲਈ ਰਿਪੋਰਟ ਕੀਤੇ ਜਾਂਦੇ ਹਨ। IEP ਬਾਰੇ ਦੱਸਿਆ ਜਾਵੇਗਾ ਜੇਕਰ ਤੁਹਾਡੇ ਬੱਚੇ ਕੋਲ ਸਿੱਖਣ ਵਿਉਹਾਰਾਂ ਨਾਲ ਸਬੰਧਤ ਨਿਸ਼ਾਨਿਆਂ ਸਹਿਤ ਵਿਅਕਤੀਗਤ ਵਿਦਿਅਕ ਯੋਜਨਾਂ ਹੋਵੇਗੀ।

| Learning Behaviours | |
|---|---|
| **Scale**<br>**C**: Consistently – almost all or all of the time<br>**U**: Usually – more than half of the time<br>**S**: Sometimes – less than half of the time<br>**R**: Rarely – almost never or never | |
| **Personal management skills** | Uses class time effectively; works independently; completes homework and assignments on time |
| **Active participation in learning** | Participates in class activities; self assesses; sets learning goals |
| **Social responsibility** | Works well with others; resolves conflicts appropriately; respects self, others and the environment; contributes in a positive way to communities |

ਫਰੈਂਚ ਸਾਖਰਤਾ ਪ੍ਰੋਗਰਾਮ ਵਿਚਲੇ ਵਿਦਿਆਰਥੀਆਂ ਲਈ ਫਰੈਂਚ ਦੀ ਵਰਤੋਂ ਕਰਨ 'ਚ ਵਿਦਿਆਰਥੀ ਦੀ ਲਗਨ ਬਾਰੇ ਸਿੱਖਣ ਦਾ ਇਕ ਵਿਉਹਾਰ ਵੀ ਮੌਜੂਦ ਹੈ।



ਸਿੱਖਣ ਦੇ ਵਿਉਹਾਰ ਸਿੱਧੇ 'ਤੌਰ 'ਤੇ ਵਿਦਿਆਰਥੀ ਦੇ ਗਰੇਡਾਂ 'ਚ ਸ਼ਾਮਲ ਨਹੀਂ ਹੁੰਦੇ, ਪ੍ਰੰਤੂ ਉਹ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਪ੍ਰਭਾਵ ਪਾ ਸਕਦੇ ਹਨ। ਸਿੱਖਣ ਦੇ ਹਾਂ ਪੱਖੀ ਵਿਉਹਾਰਾਂ ਦੇ ਵਿਕਾਸ ਦਾ ਨਤੀਜਾ ਵਿਦਿਆਰਥੀਆਂ ਲਈ ਭਵਿੱਖ ਦੀ ਸਫਲਤਾ 'ਚ ਨਿਕਲ ਸਕਦਾ ਹੈ, ਜਦੋਂ ਉਹ ਸਕੂਲ 'ਚ ਤੇ ਸਕੂਲ ਤੋਂ ਬਾਹਰ ਆਪਣੀਆਂ ਜ਼ਿੰਦਗੀਆਂ 'ਚ ਪ੍ਰਗਤੀ ਕਰਦੇ ਹਨ। ਜੇਕਰ ਵਿਦਿਆਰਥੀ ਆਜ਼ਾਦ ਤੌਰ 'ਤੇ ਕੰਮ ਕਰਦੇ, ਪਹਿਲ ਕਦਮੀਆਂ ਕਰਦੇ ਅਤੇ ਕਲਾਸਰੂਮ ਵਿਚਲੇ ਮੁੱਲਾਂ ਦੀ ਕਦਰ ਕਰਦੇ ਹਨ, ਤਾਂ ਇਹ ਗੁਣ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਕਈ ਹੋਰ ਹਿੱਸਿਆਂ 'ਚ ਵੀ ਸ਼ਾਮਲ/ਤਬਦੀਲ ਹੋ ਜਾਣਗੇ।

# ਵਧੇਰੇ ਜਾਣਕਾਰੀ ਲਈ

ਹੇਠ ਲਿਖਿਆਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਮੈਨੀਟੋਬਾ ਐਜੂਕੇਸ਼ਨ ਦਾ ਵੈੱਬਸਾਈਟ ਵੇਖੋ

- **ਵੱਖਰੇ ਵੱਖਰੇ ਵਿਸ਼ੇ ਖੇਤਰਾਂ** 'ਚ ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ:
  www.edu.gov.mb.ca/k12/cur/parents/ (English Program)
  www.edu.gov.mb.ca/k12/cur/parents/fr_imm/ (French Immersion Program)
  www.edu.gov.mb.ca/m12/progetu/parents/ (*Français* Program)
- **ਵਿਦਿਆਰਥੀ ਦੇ ਮੁਲਾਂਕਣ** ਲਈ ਪਾਲਿਸੀਆਂ ਅਤੇ ਗਾਈਡਲਾਈਨਾਂ:
  www.edu.gov.mb.ca/k12/assess/
- **ਸੂਬਾਈ ਰਿਪੋਰਟ ਕਾਰਡ**:
  www.edu.gov.mb.ca/k12/assess/report_cards/index.html

# ਤੁਹਾਡੇ ਮਸ਼ਵਰਿਆਂ ਦਾ ਸੁਆਗਤ ਹੈ

ਭਾਵੇਂ ਤੁਸੀਂ ਮਾਪੇ ਹੋ ਜਾਂ ਸਰਪ੍ਰਸਤ, ਅਧਿਆਪਕ, ਵਿਦਿਆਰਥੀ ਜਾਂ ਦਿਲਚਸਪੀ ਰੱਖਣ ਵਾਲੇ ਕਮਿਉਨਿਟੀ ਮੈਂਬਰ ਹੋ, ਨਵੇਂ ਰਿਪੋਰਟ ਕਾਰਡ ਪ੍ਰਤਿ ਤੁਹਾਡਾ ਹੁੰਗਾਰਾ ਮਹੱਤਵਪੂਰਨ ਹੈ। ਸਮੁੱਚੇ ਰੂਪ 'ਚ, ਕੀ ਤੁਸੀਂ ਰਿਪੋਰਟ ਕਾਰਡ ਨੂੰ ਸਪੱਸ਼ਟ ਅਤੇ ਜਾਣਕਾਰੀ ਭਰਪੂਰ ਸਮਝਿਆ? ਕੀ ਰਿਪੋਰਟ ਕਾਰਡ ਦੇ ਕੋਈ ਭਾਗ ਅਜੇ ਵੀ ਹਨ ਜਿਨ੍ਹਾਂ 'ਚ ਸੁਧਾਰ ਕੀਤਾ ਜਾ ਸਕਦਾ ਹੈ?

ਜੇਕਰ ਤੁਸੀਂ ਸੁਝਾਉ ਦੇਣੇ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਉਹ ਜਾਂ ਤਾਂ ਹੇਠਾਂ ਦਿੱਤੇ ਪਤੇ 'ਤੇ ਮੇਲ ਕਰੋ ਜਾਂ ਦੱਸੇ ਗਏ ਵੈੱਬਸਾਈਟ 'ਤੇ ਜਾਉ ਅਤੇ ਆਨਲਾਈਨ ਫੀਡਬੈਕ ਫਾਰਮ ਭਰੋ ਅਤੇ ਜਮ੍ਹਾਂ ਕਰਾਉ।

| ਮੇਲ-ਇਨ ਫੀਡਬੈਕ | ਆਨਲਾਈਨ ਫੀਡਬੈਕ |
|---|---|
| *Provincial Report Card Feedback*<br>Manitoba Education<br>1567 Dublin Avenue<br>Winnipeg MB R3E 3J5 | www.edu.gov.mb.ca/k12/assess/report_cards/feedback.html |

*ਬੇਨਤੀ ਕਰਨ 'ਤੇ ਬਦਲਵੇਂ ਫਾਰਮੈਟਾਂ 'ਚ ਵੀ ਉਪਲਬਧ ਹੈ।*